# ਅਸਾਮੀਆਂ ਦੀ ਭਰਤੀ ਲਈ ਇਸ਼ਤਿਹਾਰ

ਐਮ ਬੀ ਜੀ ਸਰਕਾਰੀ ਕਾਲਜ, ਪੋਜੇਵਾਲ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਦਰਜਾ ਚਾਰ ਅਸਾਮੀਆਂ ਦੀ ਭਰਤੀ ਲਈ ਸਾਧਾਰਨ ਲਿਖਤ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ, ਜਿਸ ਵਿੱਚ (1) ਉਮੀਦਵਾਰ ਦਾ ਨਾਮ (2) ਪਿਤਾ ਦਾ ਨਾਮ (3) ਜਨਮ ਮਿਤੀ (4) ਅਸਾਮੀ ਦਾ ਨਾਮ: ਜਿਸ ਲਈ ਅਪਲਾਈ ਕਰਨਾ ਹੈ (5) ਕੈਟਾਗਰੀ (6) ਵਿਦਿਆਕ ਯੋਗਤਾ/ਯੋਗਤਾਵਾਂ (7) ਤਜ਼ਰਬਾ, ਜੇ ਸਬੰਧਤ ਅਸਾਮੀ ਦਾ ਹੋਵੇ ਤਾਂ ਉਸ ਦਾ ਸਮਾਂ (8) ਪੱਕਾ ਰਿਹਾਇਸ਼ੀ ਪਤਾ (9) ਪੱਤਰ ਵਿਹਾਰ ਲਈ ਪਤਾ (10) ਮੋਬਾਈਲ ਨੰ (11) ਈ ਮੇਲ ਆਈ ਡੀ (ਜੇ ਆਪਣੀ ਹੋਵੇ ਤਾਂ) ਅਤੇ (12) ਬਿਨੈਕਾਰ ਦੇ ਹਸਤਾਖਰ ਦਰਜ ਹੋਣ। ਬਿਨੈ-ਪੱਤਰ ਨਾਲ ਲੋੜੀਂਦੇ ਦਸਤਾਵੇਜ਼ਾਂ ਨਾਲ (ਜਿਵੇਂ ਕਿ ਅੱਠਵੀਂ ਜਮਾਤ ਪਾਸ ਹੋਣ ਦਾ ਸਰਟੀਫਿਕੇਟ, ਉਚੇਰੀ ਯੋਗਤਾ ਪਾਸ ਹੋਣ ਦਾ ਸਰਟੀਫਿਕੇਟ, ਜਾਤ ਦਾ ਸਰਟੀਫਿਕੇਟ (ਰਾਖਵਾਂਕਰਨ ਦਾ ਲਾਭ ਲੈਣ ਲਈ), ਦੀਆਂ ਸਵੈ ਤਸਦੀਕੀ ਨਕਲਾਂ ਸਮੇਤ ਪ੍ਰਿੰਸੀਪਲ, ਐਮ ਬੀ ਜੀ ਸਰਕਾਰੀ ਕਾਲਜ, ਪੋਜੇਵਾਲ (ਸ਼ਹੀਦ ਭਗਤ ਸਿੰਘ ਨਗਰ) ਦੇ ਪਤੇ ਤੇ ਦਸਤੀ/ਕੋਰੀਅਰ/ਰਜਿਸਟਰਡ ਪੋਸਟ/ਸਪੀਡ ਪੋਸਟ ਰਾਹੀਂ ਮਿਤੀ 11-09-2019 ਬਾਅਦ ਦੁਪਹਿਰ 3.30 ਵਜੇ ਤੱਕ ਪੁੱਜ ਜਾਣੇ ਚਾਹੀਦੇ ਹਨ। ਬਿਨੈ-ਪੱਤਰ ਦੇ ਸੱਜੇ ਪਾਸੇ ਉਪਰ ਬਿਨੈ-ਕਾਰ ਵਲੋਂ ਆਪਣੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਵੀ ਚਿਪਕਾਈ ਜਾਵੇ। ਜਿਹਨਾਂ ਉਮੀਦਵਾਰਾਂ ਨੇ ਬਿਨੈ-ਪੱਤਰ ਭੇਜਿਆ ਹੋਵੇਗਾ ਉਹ ਅਸਲ ਦਸਤਾਵੇਜ਼ਾਂ ਦੀ ਪੜਤਾਲ ਹਿੱਤ ਮਿਤੀ 12-09-2019 ਨੂੰ ਸਵੇਰੇ 10.00 ਵਜੇ ਮੂਲ ਦਸਤਾਵੇਜ਼ਾਂ ਸਹਿਤ ਨਿੱਜੀ ਰੂਪ ਵਿੱਚ ਪ੍ਰਿੰਸੀਪਲ ਦਫਤਰ ਵਿੱਚ ਪੇਸ਼ ਹੋਣਾ ਯਕੀਨੀ ਬਨਾਉਣ।ਅਰਜ਼ੀਆਂ ਦੀ ਗਿਣਤੀ ਦੇ ਮੱਦੇ ਨਜ਼ਰ ਉਮੀਦਵਾਰਾਂ ਦਾ ਸਕਰੀਨਿੰਗ ਟੈਸਟ ਵੀ ਲਿਆ ਜਾ ਸਕਦਾ ਹੈ ਜੋ ਕਿ ਅੱਠਵੀਂ ਜਮਾਤ ਦੇ ਪੱਧਰ ਦਾ ਹੋਵੇਗਾ।ਜੇ ਕਿਸੇ ਉਮੀਦਵਾਰ ਨੇ ਇਕ ਤੋਂ ਵੱਧ ਅਸਾਮੀਆਂ ਲਈ ਅਰਜ਼ੀ ਦੇਣੀ ਹੋਵੇਗੀ ਤਾਂ ਉਹ ਅਰਜ਼ੀ ਵੱਖ ਵੱਖ ਅਸਾਮੀ ਲਈ ਵੱਖਰੇ ਵੱਖਰੇ ਬਿਨੈ ਪੱਤਰ ਦੇ ਰੂਪ ਵਿੱਚ ਹੋਣੀ ਚਾਹੀਦੀ ਹੈ।

1. ਆਸਾਮੀਆਂ ਦੀ ਗਿਣਤੀ- ਸਫਾਈ ਸੇਵਕ-01 (ਅਨੁਸੂਚਿਤ ਜਾਤੀ ਲਈ), ਚੌਕੀਦਾਰ-01 (ਜਨਰਲ ਕੈਟਾਗਰੀ ਲਈ)
2. ਤਨਖਾਹ ਸਕੇਲ-(4900-10680+1600 ਗ੍ਰੇਡ ਪੇ) ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ 7/204/2012-4 ਐਫ ਪੀ. 1-66 ਮਿਤੀ 15-01-15 ਅਤੇ ਪੱਤਰ ਨੰ. 7/2014/2012-4 ਐਫ ਪੀ.1/1049 ਮਿਤੀ 21-12-2015 ਦੇ ਸਨਮੁੱਖ ਜਿਹਨਾਂ ਅਸਾਮੀਆਂ ਦੀ ਤਨਖਾਹ ਉਹਨਾਂ ਦੇ ਪਰਖ ਕਾਲ ਦੇ ਸਮੇਂ ਦੌਰਾਨ ਡੀ ਸੀ /ਲੇਬਰ ਰੇਟਾਂ ਤੋਂ ਘੱਟ ਬਣਦੀ ਹੈ, ਉਹਨਾਂ ਅਸਾਮੀਆਂ ਲਈ ਡੀ ਸੀ /ਲੇਬਰ ਰੇਟਾਂ ਦੇ ਬਰਾਬਰ ਤਨਖਾਹ ਦਿੱਤੀ ਜਾਵੇਗੀ।ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-2 ਸ਼ਾਖਾ ) ਦੇ ਅੰ.ਵਿ.ਪੱ. ਨੰ 12/155/15-ਪੀ ਪੀ 2/761986/9 ਮਿਤੀ 25-05-2016 ਦੇ ਸਨਮੁੱਖ ਪਰਖ ਕਾਲ ਦਾ ਸਮਾਂ ਤਿੰਨ ਸਾਲ ਦਾ ਹੋਵੇਗਾ ਅਤੇ ਪਰਖ ਕਾਲ ਦੇ ਸਮੇਂ ਦੌਰਾਨ ਗ੍ਰੇਡ ਪੇ, ਸਾਲਾਨਾ ਤਰੱਕੀ ਜਾਂ ਕੋਈ ਹੋਰ ਭੱਤੇ, ਸਿਵਾਏ ਸਫਰੀ ਭੱਤੇ ਦੇ ਮਿਲਣ ਯੋਗ ਨਹੀਂ ਹੋਣਗੇ।
3. ਇਹਨਾਂ ਅਸਾਮੀਆਂ ਲਈ ਵਿਦਿਅਕ ਯੋਗਤਾ ਘੱਟ ਤੋਂ ਘੱਟ ਅੱਠਵੀਂ ਕਲਾਸ ਪਾਸ ਹੈ ਅਤੇ ਉਮੀਦਵਾਰ ਨੇ ਅੱਠਵੀ ਜਮਾਤ ਦੀ ਪੱਧਰ ਦੀ ਪੰਜਾਬੀ ਦਾ ਵਿਸ਼ਾ ਪਾਸ ਕੀਤਾ ਹੋਵੇ।
4. ਉਮੀਦਵਾਰ ਦੀ ਉਮਰ 01-01-2019 ਨੂੰ ਘੱਟ ਤੋਂ ਘੱਟ 18 ਸਾਲ ਅਤੇ ਵੱਧ ਤੋਂ ਵੱਧ (ਜਨਰਲ ਵਰਗ ਲਈ-37 ਸਾਲ, ਐਸ ਸੀ /ਬੀ ਸੀ ਲਈ –ਵਾਧੂ ਪੰਜ ਸਾਲ ਦੀ ਛੋਟ। ਉਕਤ ਅਸਾਮੀਆਂ ਦੀ ਭਰਤੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ ਨੀਤੀਆਂ ਅਨੁਸਾਰ ਹੋਵੇਗਾ।
5. ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ।

ਸਹੀ/-
ਪ੍ਰਿੰਸੀਪਲ